ਵਿਸ਼ਾ ਪੰਜਾਬੀ ਜਮਾਤ ਦਸਵੀਂ

## ਸ਼ਾਹ ਮੁਹੰਮਦ ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ



### 1. ਸਿੰਘਾਂ ਦਾ ਜੰਗ ਲਈ ਗੁਰਮਤਾ

ਸਿੰਘਾਂ ਸਾਰਿਆਂ ਬੈਠ ਗੁਰਮਤਾ ਕੀਤਾ,
'ਚੱਲੋ ਹੁਣੇ ਫ਼ਿਰੰਗੀ ਨੂੰ ਮਾਰੀਏ ਜੀ ।
ਇਕ ਵਾਰ ਜੇ ਸਾਹਮਣੇ ਹੋਏ ਸਾਡੇ,
ਇਕ ਘੜੀ ਵਿਚ ਪਾਰ ਉਤਾਰੀਏ ਜੀ ।
ਬੀਰ ਸਿੰਘ ਜੇਹੇ ਅਸਾਂ ਨਹੀਂ ਛੱਡੇ,
ਅਸੀਂ ਕਾਸ ਤੋਂ ਓਸ ਤੋਂ ਹਾਰੀਏ ਜੀ ।

**ਸ਼ਾਹ ਮੁਹੰਮਦਾ ਮਾਰ ਕੇ ਲੁਧਿਆਣਾ,**

**ਫੌਜਾਂ ਦਿੱਲੀ ਦੇ ਵਿਚ ਉਤਾਰੀਏ ਜੀ।**

**ਪ੍ਰਸੰਗ -** ਇਹ ਕਾਵਿ-ਟੋਟਾ ਸ਼ਾਹ ਮੁਹੰਮਦ ਦੀ ਪ੍ਰਸਿੱਧ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ ਵਿਚੋਂ ਲਿਆ ਗਿਆ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ "ਸਿੰਘਾਂ ਦਾ ਜੰਗ ਲਈ ਗੁਰਮਤਾ' ਸਿਰਲੇਖ ਹੇਠ ਦਰਜ ਹੈ । ਇਸ ਜੰਗਨਾਮੇ ਵਿੱਚ ਕਵੀ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਮਗਰੋਂ ਸਿੱਖ ਦਰਬਾਰ ਵਿੱਚ ਫੈਲੀ ਬੁਰਛਾਗਰਦੀ, ਸਿੱਖਾਂ ਤੋਂ ਅੰਗਰੇਜ਼ਾਂ ਦੀਆਂ ਲੜਾਈਆਂ ਤੇ ਅੰਤ ਸਿੱਖਾਂ ਦੀ ਹਾਰ ਦਾ ਹਾਲ ਬੜੇ ਕਰੁਣਾਮਈ ਢੰਗ ਨਾਲ ਬਿਆਨ ਕੀਤਾ ਹੈ । ਇਨ੍ਹਾਂ ਸਤਰਾਂ ਵਿਚ ਕਵੀ ਦੱਸਦਾ  ਹੈ ਕਿ ਸਤਲੁਜ ਦੇ ਪਾਰਲੇ ਕੰਢੇ ਅੰਗਰੇਜ਼ਾਂ ਦੀ ਹਿਲਜੁਲ ਬਾਰੇ ਸੁਣ ਕੇ ਸਿੱਖ ਸਰਦਾਰਾਂ ਨੇ ਅੰਗਰੇਜ਼ਾਂ ਵਿਰੁੱਧ ਜੰਗ ਕਰਨ ਦਾ ਮਤਾ ਪਾਸ ਕੀਤਾ ।

**ਵਿਆਖਿਆ -** ਜਦੋਂ ਸਿੰਘਾਂ ਨੇ ਸਤਲੁਜ ਦੇ ਪਾਰਲੇ ਕੰਢੇ ਅੰਗਰੇਜਾਂ ਦੀ ਹਿਲਜੁਲ ਬਾਰੇ ਸੁਣਿਆ, ਤਾਂ ਸਾਰੇ ਸਿੱਖ ਸਰਦਾਰਾਂ ਨੇ ਦੀਵਾਨ ਵਿੱਚ ਬੈਠ ਕੇ ਇਹ ਮਤਾ ਪਾਸ ਕੀਤਾ ਕਿ ਉਹ ਫੌਜਾਂ ਨਾਲ ਚੜ੍ਹਾਈ ਕਰ ਕੇ ਅੰਗਰੇਜ਼ਾਂ ਨੂੰ ਫ਼ਤਹਿ ਕਰ ਲੈਣ । ਅੰਗਰੇਜ਼ ਸਾਡੇ ਸਾਹਮਣੇ ਕੁੱਝ ਵੀ ਨਹੀਂ ਹਨ । ਇਕ ਵਾਰ ਉਹ ਸਾਡੇ ਸਾਹਮਣੇ ਤਾਂ ਹੋਣ, ਅਸੀਂ ਇਕ ਘੜੀ ਵਿੱਚ ਉਨ੍ਹਾਂ ਨੂੰ ਖਤਮ ਕਰ ਦਿਆਂਗੇ । ਅਸੀਂ ਤਾਂ ਭਾਈ ਵੀਰ ਸਿੰਘ ਵਰਗੇ ਪ੍ਰਸਿੱਧ ਸੰਤ-ਮਹਾਤਮਾ ਦਾ ਵੀ ਲਿਹਾਜ਼ ਨਹੀਂ ਕੀਤਾ ਤੇ ਉਸ ਨੂੰ ਵੀ ਪਾਰ ਬੁਲਾ ਦਿੱਤਾ ਹੈ । ਸਾਨੂੰ ਪੂਰਾ ਵਿਸ਼ਵਾਸ ਹੈ ਕਿ ਅਸੀਂ ਕਦੇ ਵੀ ਅੰਗਰੇਜ਼ਾਂ ਤੋਂ ਹਾਰ ਨਹੀਂ ਖਾ ਸਕਦੇ । ਅਸੀਂ ਪਹਿਲਾਂ ਤਾਂ ਪੰਜਾਬ ਵਿੱਚ ਉਸ ਦਾ ਗੜ੍ਹ ਲੁਧਿਆਣਾ ਫ਼ਤਹਿ ਕਰਾਂਗੇ ਤੇ ਫਿਰ ਮਾਰੋ-ਮਾਰ ਕਰ ਕੇ ਭਾਰਤ ਦੀ ਰਾਜਧਾਨੀ ਦਿੱਲੀ ਉੱਪਰ ਕਬਜ਼ਾ ਕਰਨ ਲਈ ਫੌਜਾਂ ਉੱਥੇ ਜਾ ਉਤਾਰਾਂਗੇ ।

**ਪ੍ਰਸ਼ਨ :- ਸਿੰਘਾਂ ਦਾ ਜੰਗ ਲਈ ਗੁਰਮਤਾ ਕਵਿਤਾ ਦਾ ਕੇਂਦਰੀ ਅੰਤ੍ਰੀਵ ਭਾਵ ਜਾਂ ਸਾਰ 40 ਸ਼ਬਦਾਂ ਵਿੱਚ ਲਿਖੋ ।**

ਉੱਤਰ - ਅੰਗਰੇਜ਼ਾਂ ਦੀ ਆਪਣੇ ਵਿਰੁੱਧ ਹਿਲਜੁਲ ਬਾਰੇ ਸੁਣ ਕੇ ਸਿੱਖ ਫੌਜਾਂ ਨੇ ਅੰਗਰੇਜਾਂ ਦਾ ਟਾਕਰਾ ਕਰਨ ਦਾ ਮਤਾ ਪਾਸ ਕੀਤਾ ਤੇ ਸਮਝਿਆ ਕਿ ਅੰਗਰੇਜ਼ ਉਨ੍ਹਾਂ ਦੀ ਤਾਕਤ ਸਾਹਮਣੇ ਟਿਕ ਨਹੀਂ ਸਕਣਗੇ । ਫਲਸਰੂਪ ਉਹ ਲੁਧਿਆਣੇ ਨੂੰ ਫ਼ਤਹਿ ਕਰਨ ਮਗਰੋਂ ਛੇਤੀ ਹੀ ਦਿੱਲੀ ਉੱਤੇ ਕਬਜ਼ਾ ਕਰ ਲੈਣਗੇ।

## 2 . ਸਿੰਘਾਂ ਦੀ ਚੜ੍ਹਤ

ਧੌਂਸਾ ਵਜਿਆ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ ।
ਚੜ੍ਹੇ ਪੁਤਰ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ ।
ਚੜ੍ਹੇ ਸਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲੇ ਨਿਵਾਏ ਨੇ ਢੇਰ ਮੀਆਂ ।
ਸ਼ਾਹ ਮੁਹੰਮਦਾ ਤੁਰੇ ਜੰਬੂਰ ਖਾਨੇ,
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ ।

ਪ੍ਰਸੰਗ - ਇਹ ਕਾਵਿ-ਟੋਟਾ ਸ਼ਾਹ ਮੁਹੰਮਦ ਦੀ ਪ੍ਰਸਿੱਧ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ ਵਿਚੋਂ ਲਿਆ ਗਿਆ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ "ਸਿੰਘਾਂ ਦਾ ਜੰਗ ਲਈ ਗੁਰਮਤਾ" ਸਿਰਲੇਖ ਹੇਠ ਦਰਜ ਹੈ । ਇਸ ਜੰਗਨਾਮੇ ਵਿੱਚ ਕਵੀ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਮਗਰੋਂ ਸਿੱਖ ਦਰਬਾਰ ਵਿੱਚ ਫੈਲੀ ਬੁਰਛਾਗਰਦੀ, ਸਿੱਖਾਂ ਤੋਂ ਅੰਗਰੇਜ਼ਾਂ ਦੀਆਂ ਲੜਾਈਆਂ ਤੇ ਅੰਤ ਸਿੱਖਾਂ ਦੀ ਹਾਰ ਦਾ ਹਾਲ ਬੜੇ ਕਰੁਣਾਮਈ ਢੰਗ ਨਾਲ ਬਿਆਨ ਕੀਤਾ ਹੈ । ਇਨ੍ਹਾਂ ਸਤਰਾਂ ਵਿਚ ਕਵੀ ਦੱਸਦਾ ਹੈ ਕਿ ਸਿੱਖ ਫੌਜ ਦੀ ਅੰਗਰੇਜ਼ਾਂ ਵਿਰੁੱਧ ਆਰੰਭਿਕ ਚੜ੍ਹਾਈ ਦਾ ਦ੍ਰਿਸ਼ ਪੇਸ਼ ਕਰਦਾ ਹੈ।

ਵਿਆਖਿਆ - ਜਦੋਂ ਸਿੱਖ ਫ਼ੌਜਾਂ ਨੂੰ ਅੰਗਰੇਜ਼ਾਂ ਵਿਰੁੱਧ ਚੜ੍ਹਾਈ ਕਰਨ ਦਾ ਹੁਕਮ ਹੋਇਆ, ਤਾਂ ਫ਼ੌਜਾਂ ਨਗਾਰੇ ਵਜਾ ਕੇ ਲੜਾਈ ਲਈ ਚਲ ਪਈਆਂ । ਸਿੱਖ ਫ਼ੌਜਾਂ ਦੇ ਵੱਡੇ-ਵੱਡੇ ਸੂਰਮੇ ਤੇ ਦਲੇਰ ਜਵਾਨਾਂ ਨੇ ਅੰਗਰੇਜ਼ਾਂ ਵਿਰੁੱਧ ਚੜਾਈ ਕਰ ਦਿੱਤੀ । ਇਸ ਫ਼ੌਜ ਵਿੱਚ ਸ਼ਾਮਲ ਵੱਡੇ-ਵੱਡੇ ਸਰਦਾਰਾਂ ਦੇ ਸੁੰਦਰ ਤੇ ਜਵਾਨ ਪੁੱਤਰ ਇਸ ਤਰ੍ਹਾਂ ਦਿਖਾਈ ਦਿੰਦੇ ਸਨ, ਜਿਵੇਂ ਜੰਗਲ ਵਿੱਚੋਂ ਸ਼ੇਰ ਨਿਕਲ ਆਏ ਹੋਣ । ਇਨ੍ਹਾਂ ਫ਼ੌਜਾਂ ਵਿੱਚ ਮਾਝੇ ਅਤੇ ਦੁਆਬੇ ਦੇ ਉਹ ਬਹਾਦਰ ਵੀ ਸ਼ਾਮਲ ਸਨ, ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਜਿਉਂਦਿਆਂ ਵੱਡੇ-ਵੱਡੇ ਕਿਲ੍ਹਿਆਂ ਨੂੰ ਫ਼ਤਹਿ ਕੀਤਾ ਸੀ । ਫ਼ੌਜ ਦੇ ਨਾਲ ਊਠਾਂ ਉੱਤੇ ਲੱਦਿਆ ਜੰਬੂਰਖ਼ਾਨਾ ਵੀ ਚਲ ਪਿਆ ਤੇ ਇਸ ਤਰ੍ਹਾਂ ਜਦੋਂ ਸਿੱਖ ਫ਼ੌਜਾਂ ਨੂੰ ਚੜ੍ਹਾਈ ਕਰਨ ਦਾ ਹੁਕਮ ਹੋਇਆ, ਤਾਂ ਉਨ੍ਹਾਂ ਤੁਰਦਿਆਂ ਜ਼ਰਾ ਵੀ ਦੇਰ ਨਾ ਲਾਈ ।

ਪ੍ਰਸ਼ਨ:- 'ਸਿੰਘਾਂ ਦੀ ਚੜ੍ਹਤ ਕਵਿਤਾ ਦਾ ਕੇਂਦਰੀ ਅੰਤ੍ਰੀਵ ਭਾਵ ਜਾਂ ਸਾਰ ਲਗਪਗ 40 ਸ਼ਬਦਾਂ ਵਿੱਚ ਲਿਖੋ ।

ਉੱਤਰ-ਅੰਗਰੇਜ਼ਾਂ ਵਿਰੁੱਧ ਚੜ੍ਹਾਈ ਦਾ ਹੁਕਮ ਹੁੰਦਿਆਂ ਹੀ ਸਿੱਖ ਫ਼ੌਜਾਂ ਧੱਸਾ ਵਜਾ ਕੇ ਤੁਰ ਪਈਆਂ । ਇਸ ਫ਼ੌਜ ਵਿੱਚ ਸਰਦਾਰਾਂ ਦੇ ਬਹਾਦਰ ਪੁੱਤਰ ਅਤੇ ਮਝੈਲ, ਦੁਆਬੀਏ ਸੂਰਬੀਰਾਂ ਤੋਂ ਇਲਾਵਾ ਜੰਬੂਰਖ਼ਾਨਾ ਵੀ ਸ਼ਾਮਿਲ ਸੀ ।

## 3. ਜੰਗ ਦਾ ਹਾਲ

ਫੇਰੂ ਸ਼ਹਿਰ ਦੇ ਹੇਠ ਜਾਂ ਖੇਤ ਰੁੱਧੇ,
ਤੋਪਾਂ ਚਲੀਆਂ ਨੀ ਵਾਂਗੂੰ ਤੋੜਿਆਂ ਦੇ ।
ਸਿੰਘ ਸੂਰਮੇ ਆਣ ਮੈਦਾਨ ਲੱਥੇ,
ਗੰਜ ਲਾਹ ਸੁੱਟੇ ਓਨ੍ਹਾਂ ਗੋਰਿਆਂ ਦੇ ।
ਟੁੰਡੇ ਲਾਟ ਨੇ ਅੰਤ ਨੂੰ ਖਾਇ ਗੁੱਸਾ,
ਫੇਰ ਦਿੱਤੇ ਨੀ ਲੱਖ ਢੰਡੋਰਿਆਂ ਦੇ ।
ਸ਼ਾਹ ਮੁਹੰਮਦਾ ਰੰਡ ਬਿਠਾਇ ਨੰਦਨ,
ਸਿੰਘ ਜਾਨ ਲੈਂਦੇ ਨਾਲ ਜ਼ੋਰਿਆਂ ਦੇ ।

ਪ੍ਰਸੰਗ - ਇਹ ਕਾਵਿ-ਟੋਟਾ 'ਸ਼ਾਹ ਮੁਹੰਮਦ' ਦੀ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' ਵਿੱਚੋਂ ਲਿਆ ਗਿਆ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ 'ਜੰਗ ਦਾ ਹਾਲ' ਸਿਰਲੇਖ ਹੇਠ ਦਰਜ ਹੈ । ਇਸ ਜੰਗਨਾਮੇ ਵਿੱਚ ਕਵੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਸਿੱਖ ਦਰਬਾਰ ਵਿੱਚ ਫੈਲੀ ਬੁਰਛਾਗਰਦੀ, ਸਿੱਖਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਤੇ ਅੰਤ ਸਿੱਖਾਂ ਦੀ ਹਾਰ ਦਾ ਹਾਲ ਬੜੇ ਕਰੁਣਾਮਈ ਢੰਗ ਨਾਲ ਬਿਆਨ ਕੀਤਾ ਹੈ । ਇਨ੍ਹਾਂ ਸਤਰਾਂ ਵਿੱਚ ਸਿੱਖ ਫ਼ੌਜਾਂ ਦੁਆਰਾ ਫੇਰੂ ਸ਼ਹਿਰ ਦੇ ਮੈਦਾਨ ਵਿੱਚ ਅੰਗਰੇਜ਼ਾਂ ਦਾ ਬੁਰਾ ਹਾਲ ਕਰਨ ਦਾ ਜ਼ਿਕਰ ਹੈ ।

**ਵਿਆਖਿਆ -** ਖ਼ਾਲਸਾ ਫ਼ੌਜ ਨੇ ਫੇਰੂ ਸ਼ਹਿਰ ਦੇ ਆਲੇ-ਦੁਆਲੇ ਦੀ ਕੰਧ ਤੋਂ ਬਾਹਰ ਮੋਰਚਾ ਲਾ ਲਿਆ ਤੇ ਉਨ੍ਹਾਂ ਦੀਆਂ ਤੋਪਾਂ ਦੇ ਗੋਲੇ ਇਸ ਤਰ੍ਹਾਂ ਲਗਾਤਾਰ ਚੱਲਣ ਲੱਗੇ, ਜਿਸ ਤਰ੍ਹਾਂ ਤੋੜੇਦਾਰ ਬੰਦੂਕਾਂ ਗੋਲੀਆਂ ਦੀ ਲਗਾਤਾਰ ਬੁਛਾੜ ਕਰਦੀਆਂ ਹਨ। ਸੂਰਮੇ ਸਿੰਘ ਲੜਾਈ ਦੇ ਮੈਦਾਨ ਵਿੱਚ ਨਿੱਤਰ ਪਏ ਸਨ ਤੇ ਉਨ੍ਹਾਂ ਨੇ ਅੰਗਰੇਜ਼ਾਂ ਦੇ ਸਿਰ ਵੱਢ-ਵੱਢ ਕੇ ਸੁੱਟ ਦਿੱਤੇ। ਸਿੱਖਾਂ ਦੇ ਇਸ ਹਮਲੇ ਨੇ ਅੰਗਰੇਜ਼ਾਂ ਦਾ ਬਹੁਤ ਬੁਰਾ ਹਾਲ ਕੀਤਾ। ਗਵਰਨਰ ਜਨਰਲ ਲਾਰਡ ਹੈਨਰੀ ਹਾਰਡਿੰਗ ਨੇ ਗੁੱਸਾ ਖਾ ਕੇ ਆਪਣੀ ਫ਼ੌਜ ਵਿੱਚ ਥਾਂ-ਥਾਂ ਢੰਡੋਰੇ ਪਿਟਵਾਏ ਕਿ ਉਹ ਡਟ ਕੇ ਲੜਾਈ ਕਰਨ। ਕਵੀ ਕਹਿੰਦਾ ਹੈ ਕਿ ਸਿੰਘਾਂ ਨੇ ਅੰਗਰੇਜ਼ਾਂ ਨੂੰ ਮਾਰ-ਮਾਰ ਕੇ ਲੰਡਨ ਭਾਵ ਸਾਰੀ ਇੰਗਲੈਂਡ ਦੀਆਂ ਤੀਵੀਆਂ ਨੂੰ ਰੰਡੀਆਂ ਕਰ ਦਿੱਤਾ। ਜੰਗ ਦੇ ਮੈਦਾਨ ਵਿੱਚ ਸਿੰਘ ਬੜੇ ਜ਼ੋਰ ਨਾਲ ਅੱਗੇ ਵਧਦੇ ਜਾ ਰਹੇ ਸਨ।

ਹੋਇਆ ਹੁਕਮ ਅੰਗਰੇਜ਼ ਦਾ ਤੁਰਤ ਜਲਦੀ,
ਤੋਪਾਂ ਮਾਰੀਆਂ ਨੀਰ ਦੇ ਆਇ ਪੱਲੇ।
ਫੂਕ ਸੁੱਟੀਆਂ ਸਾਰੀਆਂ ਮੇਖ਼ਜੀਨਾਂ,
ਸਿੰਘ ਉੱਡ ਕੇ ਪੱਤਰਾ ਹੋਇ ਚੱਲੇ।
ਛੌਲਦਾਰੀਆਂ, ਤੰਬੂਆਂ ਛੱਡ ਦੌੜੇ,
ਕੋਈ ਚੀਜ਼ ਨਾ ਲਈ ਏ ਬੰਨ੍ਹ ਪੱਲੇ।
ਓੜਕ ਲਿਆ ਮੈਦਾਨ ਫ਼ਿਰੰਗੀਆਂ ਨੇ,
ਸ਼ਾਹ ਮੁਹੰਮਦਾ ਰਣੋਂ ਨਾ ਮੂਲ ਹੱਲ

**ਪ੍ਰਸੰਗ -** ਇਹ ਕਾਵਿ-ਟੋਟਾ ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ ਵਿੱਚੋਂ ਲਿਆ ਗਿਆ ਹੈ ਤੇ ਇਹ ਸਾਹਿਤ-ਮਾਲਾ ਪੁਸਤਕ ਵਿੱਚ 'ਜੰਗ ਦਾ ਹਾਲ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਕਵੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਮਗਰੋਂ ਸਿੱਖ ਦਰਬਾਰ ਵਿੱਚ ਫੈਲੀ ਬੁਰਛਾਗਰਦੀ, ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ ਹੋਈਆਂ ਲੜਾਈਆਂ ਤੇ ਪੰਜਾਬ ਉੱਤੇ ਅੰਗਰੇਜ਼ਾਂ ਦੇ ਕਾਬਜ਼ ਹੋ ਜਾਣ ਦਾ ਜ਼ਿਕਰ ਬੜੇ ਕਰੁਣਾਮਈ ਢੰਗ ਨਾਲ ਕੀਤਾ ਹੈ। ਇਨ੍ਹਾਂ ਸਤਰਾਂ ਵਿਚ ਫੇਰੂ ਸ਼ਹਿਰ ਵਿਖੇ ਦੋਹਾਂ ਧਿਰਾਂ ਵਿਚਕਾਰ ਹੋਈ ਗਹਿਗੱਚ ਲੜਾਈ ਦਾ ਵਰਣਨ ਹੈ।

**ਵਿਆਖਿਆ -** ਫੇਰੂ ਸ਼ਹਿਰ ਦੇ ਮੈਦਾਨ ਵਿੱਚ ਲਾਰਡ ਹੈਨਰੀ ਹਾਰਡਿੰਗ ਦੇ ਹੱਲਾ-ਸ਼ੇਰੀ ਦੇਣ ਨਾਲ ਅੰਗਰੇਜ਼ੀ ਫ਼ੌਜਾਂ ਇਕ ਦਮ ਡਟ ਗਈਆਂ। ਉਨ੍ਹਾਂ ਸਤਲੁਜ ਦਰਿਆ ਦੇ ਕੰਢੇ ਕੋਲ ਸਿੱਖ ਫ਼ੌਜਾਂ ਉੱਤੇ ਭਿਆਨਕ ਹਮਲਾ ਕਰ ਦਿੱਤਾ। ਉਨ੍ਹਾਂ (ਅੰਗਰੇਜ਼ਾਂ ਫ਼ੌਜਾਂ) ਨੇ ਸਿੱਖ ਫੌਜਾਂ ਉੱਤੇ ਗੋਲੀਆਂ ਚਲਾ-ਚਲਾ ਕੇ ਸਾਰੀਆਂ ਮੈਗਜ਼ੀਨਾਂ ਫੂਕ ਦਿੱਤੀਆਂ ਤੇ ਇਸ ਤਰ੍ਹਾਂ ਸਾਰਾ ਦਾਰੂ-ਸਿੱਕਾ ਮੁਕਾ ਦਿੱਤਾ। ਅੰਗਰੇਜ਼ੀ ਫੌਜ ਦੀ ਲੜਾਈ ਦੀ ਮਾਰ ਨਾ ਸਹਿੰਦੀ ਹੋਈ ਸਿੱਖ ਫ਼ੌਜ ਦੌੜ ਪਈ ਤੇ ਉਸ ਨੇ ਦੌੜਦਿਆਂ ਸਾਰਾ ਜੰਗੀ ਸਮਾਨ, ਛੱਲਦਾਰੀਆਂ ਤੇ ਤੰਬੂ ਆਦਿ ਪਿੱਛੇ ਛੱਡ ਦਿੱਤੇ। ਇਸ ਲੜਾਈ ਵਿੱਚ ਸਿੱਖ ਫ਼ੌਜਾਂ (ਤੇਜਾ ਸਿੰਘ ਦੀ ਗੱਦਾਰੀ ਕਾਰਨ) ਦੌੜ ਪਈਆਂ, ਪਰ ਇਸ ਤੋਂ ਪਹਿਲਾਂ ਉਨ੍ਹਾਂ ਨੇ ਸਿੱਖ ਫ਼ੌਜਾਂ ਨੇ ਅੰਗਰੇਜ਼ੀ ਫ਼ੌਜਾਂ ਦੇ ਅਜਿਹੇ ਦੰਦ ਖੱਟੇ ਕੀਤੇ ਸਨ ਕਿ ਉਹ ਵੀ ਭੱਜ ਤੁਰੀਆਂ। ਇਸ ਪ੍ਰਕਾਰ ਭਾਵੇਂ ਗੋਰੇ ਕੁੱਜੇ ਜਾ ਰਹੇ ਸਨ, ਪਰ ਅਖੀਰ ਮੈਦਾਨ ਅੰਗਰੇਜ਼ਾਂ ਦੇ ਹੱਥ ਹੀ ਰਿਹਾ ਸੀ।

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।
ਘੋੜੇ ਆਦਮੀ ਗੋਲਿਆਂ ਨਾਲ ਉੱਡਣ,
ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

**ਪ੍ਰਸੰਗ -** ਇਹ ਕਾਵਿ-ਟੋਟਾ ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ ਵਿੱਚੋਂ ਲਿਆ ਗਿਆ ਹੈ, ਜੋ ਕਿ 'ਸਾਹਿਤ-ਮਾਲਾ' ਪੁਸਤਕ ਵਿੱਚ 'ਜੰਗ ਦਾ ਹਾਲ' ਸਿਰਲੇਖ ਹੇਠ ਦਰਜ ਹੈ। ਇਸ ਜੰਗਨਾਮੇ ਵਿੱਚ ਕਵੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਸਿੱਖ ਦਰਬਾਰ ਵਿੱਚ ਫੈਲੀ ਬੁਰਛਾਗਰਦੀ ਅਤੇ ਅੰਗਰੇਜ਼ਾਂ ਤੇ ਸਿੰਘਾਂ ਦੀਆਂ ਲੜਾਈਆਂ ਤੇ ਅੰਤ ਸਿੱਖਾਂ ਦੀ ਹਾਰ ਦਾ ਜ਼ਿਕਰ ਬੜੇ ਕਰੁਣਾਮਈ ਢੰਗ ਨਾਲ ਕੀਤਾ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਸਿੱਖ ਫ਼ੌਜਾਂ ਦੀ ਹਾਰ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਾ ਹੈ।

**ਵਿਆਖਿਆ -** ਸ਼ਾਹ ਮੁਹੰਮਦ ਸਿੰਘਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਸੰਬੰਧੀ ਆਪਣਾ ਫ਼ੈਸਲਾ ਦਿੰਦਾ ਹੋਇਆ ਕਹਿੰਦਾ ਹੈ ਕਿ ਇਹ ਹਿੰਦ ਤੇ ਪੰਜਾਬ ਦਾ ਜੰਗ ਸੀ। ਅੰਗਰੇਜ਼ੀ ਰਾਜ ਤੇ ਸਿੱਖ ਰਾਜ, ਦੋਹਾਂ ਬਾਦਸ਼ਾਹੀਆਂ ਦੀਆਂ ਫ਼ੌਜਾਂ ਬਹੁਤ ਭਾਰੀਆਂ ਸਨ। ਖ਼ਾਲਸਾ ਫ਼ੌਜ ਇੰਨੀ ਬਹਾਦਰੀ ਨਾਲ ਲੜੀ ਕਿ ਜੇਕਰ ਮਹਾਰਾਜਾ ਰਣਜੀਤ ਸਿੰਘ ਜਿਊਂਦਾ ਹੁੰਦਾ, ਤਾਂ ਉਹ ਖੁਸ਼ ਹੋ ਕੇ ਸਿੰਘਾਂ ਨੂੰ ਭਾਰੀ ਇਨਾਮ ਦੇ ਕੇ ਉਨ੍ਹਾਂ ਦੀ ਬਹਾਦਰੀ ਦਾ ਮੁੱਲ ਪਾਉਂਦਾ। ਜੰਗ ਇੰਨੀ ਭਿਆਨਕ ਸੀ ਕਿ ਘੋੜੇ ਤੇ ਆਦਮੀ ਤੋਪਾਂ ਦੇ ਗੋਲਿਆਂ ਨਾਲ ਹੀ ਉੱਡਦੇ ਜਾ ਰਹੇ ਸਨ ਤੇ ਹਾਥੀ ਆਪਣੇ ਹੁੰਦਿਆਂ ਸਮੇਤ ਹੀ ਢਹਿ ਰਹੇ ਸਨ। ਕਵੀ ਆਖਦਾ ਹੈ ਕਿ ਖ਼ਾਲਸਾ ਫ਼ੌਜਾਂ ਤਾਂ ਜਿੱਤੀਆਂ ਪਈਆਂ ਸਨ, ਪਰ ਉਨ੍ਹਾਂ ਦੀ ਹਾਰ ਕੇਵਲ ਇਸ ਕਾਰਨ ਹੋਈ ਕਿਉਂਕਿ ਉਨ੍ਹਾਂ ਦੀ ਅਗਵਾਈ ਮਹਾਰਾਜਾ ਰਣਜੀਤ ਸਿੰਘ ਵਰਗੇ ਨਿਸ਼ਠਾਵਾਨ ਤੇ ਬਹਾਦਰਾਂ ਦੇ ਕਦਰਦਾਨ ਵਿਅਕਤੀ ਦੇ ਹੱਥ ਵਿੱਚ ਨਹੀਂ ਸੀ।

**ਪ੍ਰਸ਼ਨ 4. 'ਜੰਗ ਦਾ ਹਾਲ' ਕਵਿਤਾ ਦਾ ਕੇਂਦਰੀ ਅੰਤ੍ਰੀਵ ਭਾਵ ਜਾਂ ਸਾਰ ਲਗਪਗ 40 ਸ਼ਬਦਾਂ ਵਿੱਚ ਲਿਖੋ।**

ਉੱਤਰ-ਸਿੱਖਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਵਿੱਚ ਸਿੱਖ ਫ਼ੌਜਾਂ ਜਾਨ ਹੂਲ ਕੇ ਲੜੀਆਂ ਤੇ ਅੰਗਰੇਜ਼ੀ ਫ਼ੌਜਾਂ ਦੀ ਬੁਰੀ ਤਰ੍ਹਾਂ ਵਾਢੀ ਕੀਤੀ। ਪਰ ਮਹਾਰਾਜਾ ਰਣਜੀਤ ਸਿੰਘ ਦੀ ਅਣਹੋਂਦ ਕਾਰਨ ਸਿੱਖ ਫ਼ੌਜਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ।

## ਵਸਤੂਨਿਸ਼ਠ ਸੰਖੇਪਾਤਮਕ ਉੱਤਰ ਵਾਲੇ ਪ੍ਰਸ਼ਨ

**ਪ੍ਰਸ਼ਨ :- 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ ਕਿਸ ਕਵੀ ਦੀ ਰਚਨਾ ਹੈ ?**

ਉੱਤਰ-ਸ਼ਾਹ ਮੁਹੰਮਦ

**ਪ੍ਰਸ਼ਨ :- 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ ਵਿਚ ਕਿਨ੍ਹਾਂ-ਕਿਨ੍ਹਾਂ ਦੀ ਲੜਾਈ ਦਾ ਹਾਲ ਬਿਆਨ ਕੀਤਾ ਗਿਆ ਹੈ ?**

ਉੱਤਰ-ਸਿੱਖਾਂ ਤੇ ਅੰਗਰੇਜ਼ਾਂ ਦੀ

**ਪ੍ਰਸ਼ਨ :- ਸਿੱਖਾਂ ਨੇ ਕਿਸ ਉੱਤੇ ਹਮਲਾ ਕਰਨ ਲਈ ਗੁਰਮਤਾ ਕੀਤਾ ?**

ਉੱਤਰ-ਅੰਗਰੇਜ਼ਾਂ ਉੱਤੇ / ਫ਼ਿਰੰਗੀਆਂ ਉੱਤੇ

ਪ੍ਰਸ਼ਨ :- ਸਿੱਖ ਲੁਧਿਆਣੇ ਨੂੰ ਫ਼ਤਹਿ ਕਰ ਕੇ ਕਿੱਥੇ ਪਹੁੰਚਣਾ ਚਾਹੁੰਦੇ ਸਨ ?

ਉੱਤਰ-ਦਿੱਲੀ

ਪ੍ਰਸ਼ਨ :- ਜੰਗ ਦਾ ਹਾਲ ਵਿਚ ਕਿਹੜੀ ਥਾਂ ਦੀ ਲੜਾਈ ਦਾ ਜ਼ਿਕਰ ਹੈ ?

ਉੱਤਰ-ਫੇਰੂ ਸ਼ਹਿਰ ਦੀ

ਪ੍ਰਸ਼ਨ :- ਲੂੰਡਾ ਲਾਟ ਕੌਣ ਸੀ ?

ਉੱਤਰ-ਲਾਰਡ ਹੈਨਰੀ ਹਾਰਡਿੰਗ/ਅੰਗਰੇਜ਼ ਗਵਰਨਰ ਜਨਰਲ

ਪ੍ਰਸ਼ਨ :- ਸ਼ਾਹ ਮੁਹੰਮਦ ਸਿੱਖਾਂ ਤੇ ਅੰਗਰੇਜ਼ਾਂ ਦੀ ਜੰਗ ਨੂੰ ਕਿਨ੍ਹਾਂ ਦੀ ਜੰਗ ਸਮਝਦਾ ਸੀ ?

ਉੱਤਰ-ਹਿੰਦ ਤੇ ਪੰਜਾਬ ਦੀ ਜੰਗ

ਪ੍ਰਪ੍ਰਸ਼ :- ਸ਼ਾਹ ਮੁਹੰਮਦ ਸਿੱਖ ਫ਼ੌਜ ਦੀ ਹਾਰ ਦਾ ਕਾਰਨ ਕੀ ਸਮਝਦਾ ਹੈ ?

ਉੱਤਰ-ਮਹਾਰਾਜਾ ਰਣਜੀਤ ਸਿੰਘ ਦੀ ਅਣਹੋਂਦ

ਤਿਆਰ ਕਰਤਾ

ਸੰਦੀਪ ਸਿੰਘ ਪੰਜਾਬੀ ਮਾਸਟਰ

ਸਰਕਾਰੀ ਹਾਈ ਸਕੂਲ ਭਿੰਡੀ ਔਲਖ (ਅੰਮ੍ਰਿਤਸਰ)

ਮੋਬਾਈਲ 8437626373

